## ਗੁਰੂ ਨਾਨਕ - ਸਬਦ ੩੮

## ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥

## ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੭

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥
ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

**ਸਾਰ:** ਜੀਵ ਕੁਝ ਅੰਦਰੂਨੀ ਗਿਆਨ ਲੈ ਕੇ ਪੈਦਾ ਹੁੰਦੇ ਹਨ ਅਤੇ ਬਾਕੀ ਜੀਵਨ ਦੌਰਾਨ ਪ੍ਰਾਪਤ ਕੀਤਾ ਜਾਂਦਾ ਹੈ। ਸਿਧਾਂਤਕ ਸਿੱਖਿਆ ਆਪਣੇ ਆਪ ਵਿੱਚ ਕਾਫ਼ੀ ਨਹੀਂ ਹੈ, ਲਾਭ ਉਦੋਂ ਪ੍ਰਾਪਤ ਹੁੰਦੇ ਹਨ ਜਦੋਂ ਸੰਕਲਪਾਂ ਨੂੰ ਅਮਲੀ ਰੂਪ ਵਿੱਚ ਲਾਗੂ ਕਰਨ ਅਤੇ ਜੀਉਣ ਲਈ ਆਲੋਚਨਾਤਮਕ ਸੋਚ ਨਾਲ ਪਰੋਸਿਆ ਜਾਂਦਾ ਹੈ । ਸਰਬਤ ਦੇ ਭਲੇ ਵਾਸਤੇ ਸਿਧਾਂਤਕ ਸਿੱਖਿਆ ਤੋਂ ਵਿਹਾਰਕ ਅਮਲਾਂ ਤੱਕ ਦੇ ਇਸ ਵਿਕਾਸ ਨੂੰ ਬਿਬੇਕ ਕਿਹਾ ਜਾਂਦਾ ਹੈ- ਗਿਆਨ ਦਾ ਉੱਚ ਰੂਪ। ਇਹ ਇੱਕ ਹੁਨਰਮੰਦ ਤੀਰਅੰਦਾਜ਼ ਵਰਗਾ ਇੱਕ ਪੜਾਅ ਹੈ, ਜੋ ਕਮਾਨ ਦੀ ਤਾਰ ਨੂੰ ਆਪਣੇ ਨੇੜੇ ਖਿੱਚਦਾ ਹੈ ਤਾਂ ਜੋ ਤੀਰ ਨਿਸ਼ਾਨੇ 'ਤੇ ਚਲਾਇਆ ਜਾ ਸਕੇ।

ਗਿਆਨ ਖੰਡ ਮਹਿ ਗਿਆਨੁ ਪਰਚੰਡੁ ॥
ਗਿਆਨ ਦੇ ਖੰਡ ਵਿੱਚ, ਰੂਹਾਨੀ ਸੂਝ ਸਰਵਉੱਚ ਰਾਜ ਕਰਦੀ ਹੈ।

ਤਿਥੈ ਨਾਦ ਬਿਨੋਦ ਕੋਡ ਅਨੰਦੁ ॥
ਇਸ ਖੰਡ ਵਿੱਚ ਅਨੰਤ ਰਚਨਾ ਵਿਸਮਾਦ ਅਤੇ ਲੱਖਾਂ ਸਦੀਵੀ ਅਨੰਦ ਨਾਲ ਗੂੰਜਦੀ ਹੈ।

ਸਰਮ ਖੰਡ ਕੀ ਬਾਣੀ ਰੂਪੁ ॥

ਨਿਮਰਤਾ ਦੇ ਖੰਡ ਵਿੱਚ, ਰਚਨਾ ਦੇ ਸਾਰੇ ਰੂਪ ਸੁੰਦਰ ਹਨ।

ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥

ਇਸ ਖੰਡ ਵਿੱਚ ਸਿਰਜਣਹਾਰ ਵੰਨ-ਸੁਵੰਨੇ ਤੁਲਨਾ ਰਹਿਤ ਰੂਪ ਬਣਾਉਂਦਾ ਹੈ।

ਤਾ ਕੀਆ ਗਲਾ ਕਥੀਆ ਨਾ ਜਾਹਿ ॥

ਸਿਰਜਣਹਾਰ ਦੀ ਰਚਨਾ ਦੀ ਬੇਅੰਤਤਾ ਦਾ ਬਿਆਨ ਨਹੀਂ ਕੀਤਾ ਜਾ ਸਕਦਾ।

ਜੇ ਕੋ ਕਹੈ ਪਿਛੈ ਪਛੁਤਾਇ ॥

ਉਹ ਜਿਹੜੇ ਬਿਆਨ ਕਰਨ ਦੀ ਕੋਸ਼ਿਸ਼ ਕਰਦੇ ਹਨ, ਉਨ੍ਹਾਂ ਨੂੰ ਆਪਣੀ ਕੋਸ਼ਿਸ ਦਾ ਪਛਤਾਵਾ ਹੁੰਦਾ ਹੈ।

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥

ਇਸ ਖੰਡ ਵਿੱਚ ਚੇਤਨਾ, ਬੁੱਧੀ, ਮਨ ਅਤੇ ਸੂਝ ਨੂੰ ਢਾਲਿਆ ਜਾਂਦਾ ਹੈ।

ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥੩੬॥

ਇਸ ਖੰਡ ਵਿੱਚ ਨਿਰਭੈਤਾ ਦੀ ਪ੍ਰਾਪਤੀ ਹੁੰਦੀ ਹੈ ਅਤੇ ਵਿਸ਼ਵ-ਵਿਆਪੀ ਸ਼ਕਤੀਆਂ ਦਾ ਅਨੁਭਵ ਹੁੰਦਾ ਹੈ। (੩੬)

**ਤੱਤ:** ਗੁਰੂ ਨਾਨਕ ਜਾਗਰੂਕਤਾ ਦੀਆਂ ਵੱਖ-ਵੱਖ ਅਵਸਥਾਵਾਂ ਦਾ ਜ਼ਿਕਰ ਕਰਦੇ ਹਨ, ਜਿਹੜੀ ਹੋਂਦ ਦੇ ਉਦੇਸ਼ ਨੂੰ ਸਮਝਣ ਲਈ ਪ੍ਰਭਾਵਸ਼ਾਲੀ ਵਿਧੀ ਹੋ ਸਕਦੀ ਹੈ। ਉਹ ਕਹਿੰਦੇ ਹਨ ਕਿ ਆਧਿਆਤਮਿਕ ਬਿਬੇਕ ਦਾ ਖੰਡ ਜੀਵਨ ਦੇ ਵਿਸ਼ਾਲ ਗਿਆਨਮਈ ਤਜਰਬੇ ਦੇ ਸਿਖਰ ਤੇ ਹੈ। ਇਹ ਨਿਮਰਤਾ ਦੇ ਖੰਡ ਨੂੰ ਖੋਲ੍ਹਦਾ ਹੈ, ਜੋ ਸਵੀਕਾਰ ਕਰਦੀ ਹੈ ਕਿ ਰਚਨਾ ਦਾ ਹਰ ਰੂਪ, ਵੱਡੇ ਪਹਾੜਾਂ ਤੋਂ ਲੈ ਕੇ ਛੋਟੇ ਜੀਵਾਣੂਆਂ ਤੱਕ, ਮੂਲ ਰੂਪ ਵਿੱਚ ਬਾ-ਕਮਾਲ ਸੁੰਦਰਤਾ ਨੂੰ ਸਮੋਈ ਬੈਠਾ ਹੈ ਜੋ ਸਵੀਕਾਰਤਾ ਅਤੇ ਸਤਿਕਾਰ ਦੇ ਕਾਬਿਲ ਹੈ।

---

ਪਹਿਲਕਦਮੀ

**Oneness In Diversity Research Foundation**
**ਵੈੱਬਸਾਈਟ: OnenessInDiversity.com**

**ਈਮੇਲ: onenessindiversityfoundation@gmail.com**